ਇਸ ਸੰਸਥਾ ਵਿੱਚ ਕਈ ਤਰ੍ਹਾਂ ਦੇ ਡਿਪਲੋਮਾ ਕੋਰਸ ਚਲ ਰਹੇ ਹਨ, ਜਿਹਨਾਂ ਨੂੰ ਸਟੇਟ ਬੋਰਡ ਆਫ ਟੈਕਨੀਕਲ ਐਜੂਕੇਸ਼ਨ, ਚੰਡੀਗੜ੍ਹ ਅਤੇ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ, ਨਵੀਂ ਦਿੱਲੀ ਦੁਆਰਾ ਮਾਨਤਾ ਪ੍ਰਾਪਤ ਹੈ। ਇਸ ਸੰਸਥਾ ਵਿਖੇ ਵੱਖ-ਵੱਖ ਅਦਾਰਿਆਂ ਵਿਚ ਕੰਮ ਕਰ ਰਹੇ ਕਰਮਚਾਰੀਆਂ ਦੀ ਵਿਦਿਅਕ ਉਨਤੀ ਲਈ ਚਾਰ ਸਾਲਾ ਪਾਰਟ ਟਾਈਮ ਡਿਪਲੋਮਾ ਵੀ ਚਲਾਇਆ ਜਾ ਰਿਹਾ ਹੈ। ਇਸ ਸੰਸਥਾ ਵਿਚ ਬੀ-ਫਾਰਮੇਸੀ ਦਾ ਡਿਗਰੀ ਕੋਰਸ ਵੀ ਚਲਾਇਆ ਜਾ ਰਿਹਾ ਹੈ, ਜਿਸ ਨੂੰ ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ ਤੋਂ ਮਾਨਤਾ ਪ੍ਰਾਪਤ ਹੈ। ਇਸ ਸੰਸਥਾ ਵਿਖੇ ਚਲ ਰਹੇ ਵੱਖ-ਵੱਖ ਡਿਪਲੋਮਾ ਕੋਰਸਾਂ ਅਤੇ ਡਿਗਰੀ ਕੋਰਸ, ਸਮਾਂ ਅਤੇ ਉਪਲੱਬਧ ਸੀਟਾਂ ਦੀ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:—

**(ੳ) ਰੈਗੂਲਰ ਡਿਪਲੋਮਾ ਕੋਰਸ**

| ਲੜੀ ਨੰ: | ਕੋਰਸ | ਸਮਾਂ | ਸੀਟਾਂ |
|---|---|---|---|
| 1. | ਸਿਵਲ ਇੰਜੀਨੀਅਰ | 3 ਸਾਲ | 60 |
| 2. | ਇਲੈਕਟਰੀਕਲ ਇੰਜੀਨੀਅਰ | 3 ਸਾਲ | 60 |
| 3. | ਮਕੈਨੀਕਲ ਇੰਜੀਨੀਅਰ | 3 ਸਾਲ | 60 |
| 4. | ਇਲੈਕਟਰੋਨਿਕਸ ਅਤੇ ਕੌਮ ਇੰਜੀ: | 3 ਸਾਲ | 60 |
| 5. | ਪਲਾਸਟਿਕ ਟੈਕਨਾਲੋਜੀ | 3 ਸਾਲ | 60 |
| 6. | ਕੰਪਿਊਟਰ ਇੰਜੀਨੀਅਰ | 3 ਸਾਲ | 60 |
| 7. | ਮੌਡਰਨ ਆਫਿਸ ਪ੍ਰੈਕਟਿਸ | 3 ਸਾਲ | 60 |

**(ਅ) ਪਾਰਟ ਟਾਈਮ ਡਿਪਲੋਮਾ ਕੋਰਸ**

| ਲੜੀ ਨੰ: | ਕੋਰਸ | ਸਮਾਂ | ਸੀਟਾਂ |
|---|---|---|---|
| 1. | ਸਿਵਲ ਇੰਜੀਨੀਅਰ | 4 ਸਾਲ | 20 |
| 2. | ਇਲੈਕਟਰੀਕਲ ਇੰਜੀਨੀਅਰ | 4 ਸਾਲ | 20 |
| 3. | ਮਕੈਨੀਕਲ ਇੰਜੀਨੀਅਰ | 4 ਸਾਲ | 20 |

**(ੲ) ਡਿਗਰੀ ਕੋਰਸ**

| ਲੜੀ ਨੰ: | ਕੋਰਸ | ਸਮਾਂ | ਸੀਟਾਂ |
|---|---|---|---|
| 1. | ਬੀ-ਫਾਰਮੇਸੀ | 4 ਸਾਲ | 40 |

**ਪ੍ਰਵੇਸ਼ ਪ੍ਰੀਖਿਆ**

ਮੱਦ (ੳ) ਵਿਚ ਦਰਜ ਲੜੀ ਨੰਬਰ 1 ਤੋਂ 6 ਕੋਰਸਾਂ ਵਿਚ ਦਾਖਲਾ ਲੈਣ ਲਈ ਘੱਟ ਤੋਂ ਘੱਟ ਵਿਦਿਅਕ ਯੋਗਤਾ ਮੈਥ ਅਤੇ ਸਾਇੰਸ ਵਿਸ਼ੇ ਨਾਲ ਦਸਵੀਂ ਪਾਸ ਕੀਤੀ ਹੋਣੀ ਜ਼ਰੂਰੀ ਹੈ। ਇਹਨਾਂ ਸਾਰੇ ਕੋਰਸਾਂ ਲਈ ਦਾਖਲਾ

ਜੇ.ਈ.ਟੀ. ਨਾਮ ਦੇ ਟੈਸਟ ਦੀ ਮੈਰਿਟ ਦੇ ਆਧਾਰ ਤੇ ਕੀਤਾ ਜਾਂਦਾ ਹੈ, ਜੋ ਕਿ ਸਟੇਟ ਬੋਰਡ ਆਫ ਟੈਕਨੀਕਲ ਐਜੂਕੇਸ਼ਨ, ਪੰਜਾਬ, ਚੰਡੀਗੜ੍ਹ ਦੁਆਰਾ ਹਰ ਸਾਲ ਜੂਨ ਦੇ ਮਹੀਨੇ ਵਿਚ ਲਿਆ ਜਾਂਦਾ ਹੈ। ਮੱਦ (ੳ) ਵਿਚ ਦਰਜ ਲੜੀ ਨੰਬਰ 7 ਕੋਰਸ ਵਿਚ ਦਾਖਲਾ ਲੈਣ ਲਈ ਘੱਟ ਤੋਂ ਘੱਟ ਵਿਦਿਅਕ ਯੋਗਤਾ ਕਿਸੇ ਵੀ ਵਿਸ਼ੇ ਵਿਚ 10+2 ਪਾਸ ਕੀਤੀ ਹੋਣੀ ਜ਼ਰੂਰੀ ਹੈ। ਇਸ ਵਿਚ ਦਾਖਲਾ ਵੀ 10+2 ਮੈਰਿਟ ਦੇ ਆਧਾਰ ਤੇ ਅਗਸਤ ਦੇ ਮਹੀਨੇ ਵਿੱਚ ਕੀਤਾ ਜਾਂਦਾ ਹੈ।

ਮੱਦ (ਅ) ਵਿਚ ਦਰਜ ਲੜੀ ਨੰਬਰ 1 ਤੋਂ 3 ਕੋਰਸਾਂ ਵਿਚ ਦਾਖਲਾ ਲੈਣ ਲਈ ਘੱਟ ਤੋਂ ਘੱਟ ਵਿਦਿਅਕ ਯੋਗਤਾ ਮੈਥ ਅਤੇ ਸਾਇੰਸ ਵਿਸ਼ੇ ਨਾਲ ਦਸਵੀਂ ਪਾਸ ਕੀਤੀ ਹੋਣੀ ਅਤੇ 3 ਸਾਲ ਦਾ ਸੰਬੰਧਤ ਅਦਾਰੇ ਵਿਚ ਕੰਮ ਕਰ ਦਾ ਤਜ਼ਰਬਾ ਹੋਣਾ ਜ਼ਰੂਰੀ ਹੈ। ਇਸ ਵਿਚ ਦਰਜ ਸਾਰੇ ਕੋਰਸਾਂ ਵਿਚ ਦਾਖਲਾ ਅਗਸਤ ਦੇ ਮਹੀਨੇ ਮੈਰਿਟ ਦੇ ਅਧਾਰ ਤੇ ਕੀਤਾ ਜਾਂਦਾ ਹੈ।

ਮੱਦ (ੲ) ਵਿਚ ਦਰਜ ਕੋਰਸ ਵਿਚ ਦਾਖਲਾ ਲੈਣ ਲਈ ਘੱਟ ਤੋਂ ਘੱਟ ਵਿਦਿਅਕ ਯੋਗਤਾ ਮੈਡੀਕਲ/ਨਾਨ-ਮੈਡੀਕਲ ਵਿਸ਼ੇ ਵਿਚ 10+2 ਪਾਸ ਕੀਤੀ ਹੋਣੀ ਜ਼ਰੂਰੀ ਹੈ। ਇਸ ਵਿਚ ਦਾਖਲਾ ਪੀ.ਈ.ਟੀ. ਨਾਮਕ ਟੈਸਟ ਦੀ ਮੈਰਿਟ ਦੇ ਆਧਾਰ ਤੇ ਹਰ ਸਾਲ ਜੁਲਾਈ ਵਿਚ ਕੀਤਾ ਜਾਂਦਾ ਹੈ, ਜੋ ਕਿ ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ ਦੁਆਰਾ ਲਿਆ ਜਾਂਦਾ ਹੈ।

ਸਾਰੇ ਡਿਪਲੋਮਾ ਕੋਰਸਾਂ ਲਈ ਪਹਿਲੇ ਸਮੈਸਟਰ ਦੀ ਫੀਸ ਲਗਭਗ 14775/- ਰੁਪਏ ਅਤੇ ਡਿਗਰੀ ਕੋਰਸ ਦੀ ਪਹਿਲੇ ਸਮੈਸਟਰ ਦੀ ਫੀਸ ਲਗਭਗ 35,000/- ਰੁਪਏ ਹੈ।